بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.06.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਾਹਾਬੀ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ੀ ਅਲੱਾਹ ਅਨਹੁ ਦੇ ਦਿਲ ਖਿਚੱਵੇਂ ਤੇ ਮਨਮੋਹਕ ਸਦਗੁਣਾ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਜੂਨ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮ ਆਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਜ਼ੈਦ ਬਿਨ ਹਾਰਸਾ ਬਾਰੇ ਵਰਨਣ ਕਰਨ ਲਈ ਕੁਝ ਹੋਣ ਗਲੱਾਂ ਤੇ ਹਵਾਲੇ ਹਨ ਜਿੰਨ੍ਹਾ ਨੂੰ ਮੈਂ ਅੱਜ ਵਰਨਣ ਕਰਾਂਗਾ । ਸਰੀਤ ਖ਼ਾਤਾਮਨੱਬੀਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਰਬੀਉਲ ਆਖ਼ਰ ਮਹੀਨੇ ਦੀ 6 ਹਿਜਰੀ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਬਿਨ ਹਾਰਸਾ ਦੀ ਸਰਦਾਰੀ ਵਿੱਚ ਕੁਝ ਮੁਸਲਮਾਨਾ ਨੂੰ ਕਬੀਲਾ ਬਨੂ ਸਲੀਮ ਵੱਲ ਭੇਜਿਆ । ਇਹ ਕਬੀਲਾ ਉਸ ਸਮੇਂ ਨਜਦ ਦੇ ਖੇਤਰ ਵਿੱਚ ਜਮੂਮ ਦੇ ਅਸਥਾਨ ਵਿੱਚ ਵੱਸਿਆ ਹੋਇਆ ਸੀ ਅਤੇ ਇਕ ਲੰਮੇ ਸਮੇਂ ਤੋਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਵਿਰੁਧ ਸਿਰ ਚੁਕੱਦਾ ਚਲਾ ਆ ਰਿਹਾ ਸੀ । ਜ਼ੈਦ ਬਿਨ ਹਾਰਸਾ ਨੂੰ ਇਸ ਮੁਹਿਮ ਤੋਂ ਪਰਤਿਆਂ ਅਜੇ ਬਹੁਤੇ ਦਿਨ ਨਹੀਂ ਲੰਘੇ ਸਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜਮਾਦੀ ਉਲ ਊਲਾ ਦੇ ਮਹੀਨੇ ਵਿੱਚ ਇਹਨਾ ਨੂੰ ਇਕ ਸੌ ਸਤੱਰ ਸਹਾਬਾ ਦੀ ਕਮਾਨ ਵਿੱਚ ਫਿਰ ਮਦੀਨੇ ਤੋਂ ਰਵਾਨਾ ਕੀਤਾ ਅਤੇ ਇਸ ਮੁਹਿਮ ਦਾ ਕਾਰਣ ਵ੍ਰਿਤੱਰ ਲਿਖੱਣ ਵਾਲਿਆਂ ਨੇ ਇਹ ਲਿੱਖਿਆ ਹੈ ਕਿ ਸ਼ਾਮ (ਸੀਰੀਆ) ਵੱਲੋਂ ਮੱਕੇ ਦੇ ਕੁਰੈਸ਼ਾਂ ਦਾ ਇਕ ਜਥੱਾ ਆ ਰਿਹਾ ਸੀ ਅਤੇ ਉਸਦੀ ਰੋਕਥਾਮ ਲਈ ਆਂਹਜ਼ਰ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਜੱਥੇ ਨੂੰ ਭੇਜਿਆ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਇਹ ਜੱਥੇ ਹਮੇਸ਼ਾ ਹੱਥਿਆਰਾਂ ਨਾਲ ਲੈਸ ਹੁੰਦੇ ਸਨ ਅਤੇ ਮੱਕੇ ਤੇ ਸ਼ਾਮ ਵਿੱਚਕਾਰ ਆਉਂਦਿਆਂ ਜਾਂਦਿਆਂ ਹੋਇਆਂ ਉਹ ਮਦੀਨੇ ਦੇ ਬਹੁਤ ਨੇੜਿਓਂ ਲੰਘਦੇ ਸਨ, ਜਿਸਦੇ ਸਬਬ ਉਹਨਾ ਵੱਲੋਂ ਹਰ ਸਮੇਂ ਖ਼ਤਰਾ ਰਹਿੰਦਾ ਸੀ, ਇਸ ਤੋਂ ਬਿਨਾ ਇਹ ਜੱਥੇ ਜਿੱਥੋਂ ਜਿੱਥੋਂ ਲੰਘਦੇ ਅਰਬ ਦੇ ਕਬੀਲਿਆਂ ਨੂੰ ਮੁਸਲਮਾਨਾ ਦੇ ਵਿਰੁਧ ਭੜਕਾਉਂਦੇ ਜਾਂਦੇ ਸਨ । ਜਿਸਦੇ ਸਬਬ ਸਾਰੇ ਦੇਸ਼ ਵਿੱਚ ਮੁਸਲਮਾਨਾ ਦੇ ਵਿਰੁਧ ਦੁਸ਼ਮਣੀ ਦੀ ਇਕ ਭਿਆਨਕ ਅੱਗ ਭੜਕ ਚੁੱਕੀ ਸੀ ਇਸ ਲਈ ਰੋਕਥਾਮ ਜ਼ਰੂਰੀ ਸੀ । ਬਹਿਰਹਾਲ

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜੱਥੇ ਦੀ ਖ਼ਬਰ ਮਿਲਣ'ਤੇ ਜ਼ੈਦ ਬਿਨ ਹਾਰਸਾ ਨੂੰ ਉਸ ਵੱਲ ਭੇਜਿਆ ਅਤੇ ਉਹ ਹੁਸ਼ਿਆਰੀ ਨਾਲ ਘਾਤ ਲਾਉਂਦਿਆਂ ਹੋਇਆਂ ਅੱਗੇ ਵਧੇ ਕਿ ਕਿਸੇ ਨੂੰ ਪਤਾ ਨ ਲੱਗੇ ਅਤੇ 'ਈਸ' ਦੇ ਅਸਥਾਨ ਉਪੱਰ ਪਹੁੰਚਕੇ ਇਸ ਜੱਥੇ ਨੂੰ ਆਣ ਫ਼ੜਿਆ । ਈਸ ਇਕ ਥਾਂ ਦਾ ਨਾਂ ਹੈ ਜੋ ਮਦੀਨੇ ਤੋਂ ਚਾਰ ਦਿਨ ਦੀ ਜਾਤਰਾ'ਤੇ ਸਮੁੰਦਰ ਵੱਲ ਹੈ । ਕਿਉਂਕਿ ਇਹ ਹਮਲਾ ਅਚਨਚੇਤ ਸੀ, ਜੱਥੇ ਵਾਲੇ ਮੁਸਲਮਾਨਾ ਦੇ ਇਸ ਹਮਲੇ ਨੂੰ ਝੱਲ ਨ ਸਕੇ ਅਤੇ ਆਪਣਾ ਸਾਰਾ ਧੰਨ ਮਾਲ ਛਡੱਕੇ ਭੱਜ ਗਏ । ਜ਼ੈਦ ਨੇ ਕੁਝ ਕੈਦੀ ਫੜਕੇ ਅਤੇ ਸਾਮਾਨ ਆਪਣੇ ਕਬਜੇ ਵਿੱਚ ਲੈਕੇ ਮਦੀਨੇ ਵੱਲ ਪਰਤ ਗਏ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ।

ਇਸੇ ਪ੍ਰਕਾਰ ਜਮਾਦੀ ਉਲ ਆਖ਼ਰ 6 ਹਿਜਰੀ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਬਿਨ ਹਾਰਸਾ ਦੀ ਕਮਾਨ ਵਿੱਚ ਪੰਦਰ੍ਹਾ ਸਹਾਬੀਆਂ ਦਾ ਇਕ ਜਥੱਾ ਮਕਾਮ ਵੱਲ ਭੇਜਿਆ ਜੋ ਮਦੀਨੇ ਤੋਂ ਛੱਤੀ ਮੀਲ ਦੀ ਦੂਰੀ'ਤੇ ਸਿਥਿਤ ਹੈ ਅਤੇ ਇਸ ਥਾਂ ਇਹਨਾ ਦਿਨਾਂ ਵਿੱਚ ਬਨੂ ਸਾਅਲਬਾ ਦੇ ਲੋਕ ਵਸੱਦੇ ਸਨ ਪਰ ਇਸ ਤੋਂ ਪਹਿਲਾਂ ਕਿ ਜ਼ੈਦ ਬਿਨ ਹਾਰਸਾ ਉੱਥੇ ਪਹੁੰਚਦੇ ਇਸ ਕਬੀਲੇ ਦੇ ਲੋਕ ਸਮੇਂ ਸਿਰ ਸੂਚਨਾ ਪਾਕੇ ਇਧੱਰ ਉਧੱਰ ਖਿੰਡ ਪੁੰਡ ਗਏ।

ਫਿਰ ਜ਼ੈਦ ਬਿਨ ਹਾਰਸਾ ਦਾ ਇਕ ਹੋਰ ਸਰਯਾ (ਉਹ ਜਥੱਾ ਜਿਸ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਪ ਸ਼ਾਮਲ ਨਹੀਂ ਹੋਏ) ਇਹ ਹੈ ਕਿ ਜਮਾਦੀ ਉਲ ਆਖ਼ਰ 6 ਹਿਜਰੀ ਵਿੱਚ ਹਿਸਮੀ ਵੱਲ ਵੱਲ ਭੇਜਿਆ ਗਿਆ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਬਿਨ ਹਾਰਸਾ ਨੂੰ ਪੰਜ ਸੌ ਮੁਸਲਮਾਨਾ ਨਾਲ ਹਿਸਮੀ ਵੱਲ ਭੇਜਿਆ ਜੋ ਮਦੀਨੇ ਦੇ ਉਤੱਰ ਵੱਲ ਬਨੂ ਜਜ਼ਾਮ ਦੀ ਵੱਸੋਂ ਸੀ । ਇਸ ਮੁਹਿਮ ਦਾ ਉਦੇਸ਼ ਇਹ ਸੀ ਕਿ ਆਂਹਜ਼ਰ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਜਿੰਨ੍ਹਾ ਦਾ ਨਾਂ ਦਹਯਾ ਕਲਬੀ ਸੀ ਸ਼ਾਮ ਵੱਲੋਂ ਕੈਸਰੇ ਰੋਮ ਨੂੰ ਮਿਲਕੇ ਵਾਪਸ ਪਰਤ ਰਹੇ ਸਨ । ਜੱਦ ਦਹਯਾ ਬਨੂ ਜਜ਼ਾਮ ਦੇ ਖੇਤਰ ਕੋਲੋਂ ਲੰਘੇ ਤਾਂ ਇਸ ਕਬੀਲੇ ਦੇ ਰਈਸ ਹੁਨੇਦ ਬਿਨ ਆਰਜ਼ ਨੇ ਆਪਣੇ ਕਬੀਲੇ ਦੀ ਇਕ ਪਾਰਟੀ ਨੂੰ ਨਾਲ ਲੈਕੇ ਦਹਯਾ ਉਪੱਰ ਹਮਲਾ ਕਰ ਦਿਤੱਾ ਅਤੇ ਸਾਰਾ ਧੰਨ ਮਾਲ ਖੋਹ ਲਿਆ । ਵਪਾਰਕ ਮਾਲ ਵੀ ਅਤੇ ਜੋ ਕੁਝ ਕੈਸਰ ਬਾਦਸ਼ਾਹ ਨੇ ਦਿਤੱਾ ਸੀ ਉਹ ਵੀ ਖੋਹ ਲਿਆ । ਦਹਯਾ ਨੇ ਮਦੀਨੇ ਪਹੁੰਚਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਰੀ ਜਾਣਕਾਰੀ ਦਿੱਤੀ ਜਿਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਜ਼ੈਦ ਬਿਨ ਹਾਰਸਾ ਨੂੰ ਭੇਜਿਆ ਅਤੇ ਦਹਯਾ ਨੂੰ ਵੀ ਜ਼ੈਦ ਦੇ ਨਾਲ ਭਿਜਵਾ ਦਿਤੱਾ । ਜ਼ੈਦ ਦਾ ਜਥੱਾ ਬਹੁਤ ਹੁਸ਼ਿਆਰੀ ਤੇ ਸਤੱਰਕਤਾ ਨਾਲ ਦਿਨੇ ਲੁਕਦਿਆਂ ਤੇ ਰਾਤ ਨੂੰ ਜਾਤਰਾ ਕਰਦਿਆਂ ਹੋਇਆਂ ਹਿਸਮੀ ਵੱਲ ਵਧੇ ਅਤੇ ਐਨ ਸਵੇਰ ਸਮੇਂ ਬਨੂ ਜਜ਼ਾਮ ਦੇ ਲੋਕਾਂ ਨੂੰ ਜਾ ਫੜਿਆ । ਬਨੂ ਜਜ਼ਾਮ ਨੇ ਮੁਕਾਬਲਾ ਕੀਤਾ ਅਤੇ ਬਕਾਇਦਾ ਜੰਗ ਹੋਈ, ਪਰ ਮੁਸਲਮਾਨਾ ਦੇ ਅਚਨਚੇਤ ਹਮਲੇ ਸਾਹਣੇ ਇਹਨਾ ਦੇ ਪੈਰ੍ਹ ਨ ਟਿਕ ਸਕੇ ਅਤੇ ਥੋੜਾ ਹੀ ਸਮਾਂ ਮੁਕਾਬਲਾ ਕਰਨ ਪਿੱਛੋਂ ਨੱਸ ਗਏ ਅਤੇ ਮੈਦਾਨ ਮੁਸਲਮਾਨਾ ਦੇ ਹੱਥ ਆਗਿਆ ਅਤੇ ਜ਼ੈਦ ਬਿਨ ਹਾਰਸਾ ਬਹੁਤ ਸਾਰਾ ਧੰਨ ਮਾਲ ਤੇ ਪਸ਼ੂ ਅਤੇ ਲਗਭਗ ਇਕ ਸੌ ਕੈਦੀ ਫੜਕੇ ਵਾਪਸ ਪਰਤ ਆਏ ।

ਇਹ ਸਰਯਾ (ਜੱਥਾ) ਹਿਸਮੀ ਦੇ ਇਕ ਮਹੀਨੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫਿਰ ਜ਼ੈਦ ਬਿਨ ਹਾਰਸਾ ਨੂੰ ਕਰੀ ਦੀ ਵਾਦੀ ਵੱਲ ਭੇਜਿਆ । ਇਸ ਮਾਰਕੇ ਵਿੱਚ ਕਈ ਮੁਸਲਮਾਨ ਸ਼ਹੀਦ ਹੋਏ ਅਤੇ ਖ਼ੁਦ ਜ਼ੈਦ ਨੂੰ ਵੀ ਸਖ਼ਤ ਜ਼ਖ਼ਮ ਆਏ ਪਰ ਰੱਬ ਨੇ ਆਪਣੀ ਮਿਹਰ ਨਾਲ ਬਚਾ ਲਿਆ ।

ਸਰਯਾ ਮੌਤਾ ਜਮਾਦੀ ਉਲ ਅਵੱਲ ਸਨ ਅੱਠ ਹਿਜਰੀ ਵਿੱਚ ਹੋਇਆ । ਹਜ਼ਰਤ ਅਬਦੁਲੱਾਹ ਬਿਨ ਉਮਰ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਰਯਾ ਮੌਤਾ ਲਈ ਹਜ਼ਰਤ ਜ਼ੈਦ ਬਿਨ ਹਾਰਸਾ ਨੂੰ

ਅਮੀਰ ਬਣਾਇਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਜ਼ੈਦ ਸ਼ਹੀਦ ਹੋ ਜਾਣ ਤਾਂ ਜਾਫ਼ਰ ਅਮੀਰ ਹੋਣਗੇ ਅਤੇ ਜੇਕਰ ਜਾਫ਼ਰ ਵੀ ਸ਼ਹੀਦ ਹੋ ਜਾਣ ਤਾਂ ਅਬਦੁਲੱਾਹ ਬਿਨ ਰਵਾਹਾ ਤੁਹਾਡੇ ਅਮੀਰ ਹੋਣਗੇ । ਇਕ ਯਹੂਦੀ ਜਿਸਨੇ ਇਹ ਗਲੱਾਂ ਸੁਣੀਆਂ ਸਨ ਹਜ਼ਰਤ ਜ਼ੈਦ ਕੋਲ ਗਿਆ ਅਤੇ ਉਹਨਾ ਨੂੰ ਦੱਸਿਆ ਕਿ ਤੁਹਾਡਾ ਰਸੂਲ ਸਚੱਾ ਹੈ ਤੁਸੀਂ ਜੀਉਂਦੇ ਵਾਪਸ ਨਹੀਂ ਪਰਤੋਗੇ । ਹਜ਼ਰਤ ਜ਼ੈਦ ਨੇ ਫ਼ਰਮਾਇਆ ਕਿ ਮੈਂ ਜੀਉਂਦਾ ਵਾਪਸ ਪਰਤਾਂਗਾ ਜਾਂ ਨਹੀਂ, ਪਰ ਸਾਡਾ ਰਸੂਲ ਸਲਲੱਾਹੁ ਅਲੈਹਿ ਵਸਲਮ ਜ਼ਰੂਰ ਸਚੱਾ ਰਸੂਲ ਹੈ । ਰੱਬ ਦੀ ਹਿਕਮਤ ਹੈ ਕਿ ਇਹ ਘਟਨਾ ਇਸੇ ਪ੍ਰਕਾਰ ਵਾਪਰੀ । ਹਜ਼ਰਤ ਜ਼ੈਦ ਸ਼ਹੀਦ ਹੋਏ, ਉਹਨਾ ਦੇ ਬਾਦ ਹਜ਼ਰਤ ਜਾਫ਼ਰ ਨੇ ਲਸ਼ਕਰ ਦੀ ਵਾਗਡੋਰ ਸੰਭਾਲੀ ਉਹ ਵੀ ਸ਼ਹੀਦ ਹੋ ਗਏ । ਇਸ ਦੇ ਬਾਦ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਲਸ਼ਕਰ ਦੀ ਕਮਾਨ ਸੰਭਾਲੀ ਅਤੇ ਉਹ ਵੀ ਸ਼ਹੀਦ ਹੋ ਗਏ ਅਤੇ ਨੇੜੇ ਸੀ ਕਿ ਲਸ਼ਕਰ ਵਿੱਚ ਭਜਦੜ ਮਚਦੀ ਕਿ ਹਜ਼ਰਤ ਖ਼ਾਲਿਦ ਬਿਨ ਵਲੀਦ ਨੇ ਮੁਸਲਮਾਨਾ ਦੇ ਕਹਿਣ'ਤੇ ਝੰਡੇ ਨੂੰ ਆਪਣੇ ਹੱਥ ਵਿੱਚ ਲਿਆ ਅਤੇ ਰੱਬ ਨੇ ਉਹਨਾ ਰਾਹੀਂ ਮੁਸਲਮਾਨਾ ਨੂੰ ਜਿੱਤ ਪ੍ਰਦਾਨ ਕੀਤੀ ਅਤੇ ਸੁੱਖ ਸਾਂਦ ਨਾਲ ਲਸ਼ਕਰ ਨੂੰ ਵਾਪਸ ਪਰਤਾ ਲਿਆਏ ।

ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੱਕ ਹਜ਼ਰਤ ਜ਼ੈਦ ਬਿਨ ਹਾਰਸਾ, ਹਜ਼ਰਤ ਜਾਫ਼ਰ ਅਤੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਪਹੁੰਚੀ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਉਹਨਾ ਦਾ ਹਾਲ ਦਸੱਣ ਲਈ ਖੜੇ ਹੋਏ, ਹਜ਼ਰਤ ਜ਼ੈਦ ਦੇ ਵਰਨਣ ਦੇ ਅਰੰਭ ਵਿੱਚ ਆਪ ਨੇ ਫ਼ਰਮਾਇਆ, ਹੇ, ਅਲੱਾਹ ! ਜ਼ਦ ਨੂੰ ਬਖ਼ਸ਼ ਦੇ । ਹੇ ਅਲੱਾਹ ! ਜ਼ੈਦ ਦੀ ਮਗ਼ਫ਼ਰਤ ਫ਼ਰਮਾ, ਹੇ ਅਲੱਾਹ, ਜ਼ੈਦ ਦੀ ਮਗ਼ਫ਼ਰਤ ਫ਼ਰਮਾ । ਫ਼ਿਰ ਆਪਨੇ ਫ਼ਰਮਾਇਆ, ਹੇ ਅੱਲ੍ਹਾਹ ! ਜਾਅਫ਼ਰ ਅਤੇ ਅਬਦੁਲੱਾਹ ਬਿਨ ਰਵਾਹਾ ਦੀ ਮਗ਼ਫ਼ਰਤ ਫ਼ਰਮਾ । ਤਬਕਾਤੁਲ ਕੁਬਰਾ ਵਿੱਚ ਲਿੱਖਿਆ ਹੈ ਕਿ ਜੱਦ ਹਜ਼ਰਤ ਜ਼ੈਦ ਸ਼ਹੀਦ ਹੋ ਗਏ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਉਹਨਾ ਦੇ ਘਰ ਵਾਲਿਆਂ ਕੋਲ ਦੁੱਖ ਵੰਡਾਉਣ ਲਈ ਗਏ ਤਾਂ ਉਹਨਾ ਦੀ ਬੇਟੀ ਇਸ ਹਾਲ ਵਿੱਚ ਸੀ ਕਿ ਉਸ ਦੇ ਚਿਹਰੇ ਤੋਂ ਰੋਣ ਦੇ ਲਛੱਣ ਪ੍ਰਕਟ ਹੋ ਰਹੇ ਸਨ, ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਅਖੱਾਂ ਵਿੱਚੋਂ ਵੀ ਹੰਝੂ ਜਾਰੀ ਹੋ ਗਏ । ਸ਼ਹੀਦੀ ਸਮੇਂ ਆਪ ਦੀ ਉਮਰ 55 ਸਾਲ ਦੀ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਜ਼ੈਦ ਦਾ ਜਨਾਜ਼ਾਹ ਪੜ੍ਹਿਆ ਅਤੇ ਫ਼ਰਮਾਇਆ ਕਿ ਹਜ਼ਰਤ ਜ਼ੈਦ ਲਈ ਮਗ਼ਫ਼ਰਤ ਮੰਗੋ ਉਹ ਸਵਰਗ ਵਿੱਚ ਦੌੜਦਿਆਂ ਹੋਇਆਂ ਦਾਖ਼ਲ ਹੋ ਗਏ ਹਨ ।

ਹਜ਼ਰਤ ਜਬਲਹ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਕਿਸੇ ਜੰਗ ਵਿੱਚ ਨ ਜਾਂਦੇ ਤਾਂ ਆਪ ਹੱਥਿਆਰ ਕਿਸੇ ਨੂੰ ਨ ਦਿੰਦੇ, ਸਿਵਾਏ ਹਜ਼ਰਤ ਅਲੀ ਦੇ ਜਾਂ ਹਜ਼ਰਤ ਜ਼ੈਦ ਦੇ । ਹਜ਼ਰਤ ਜਬਲਹ ਫਿਰ ਇਕ ਰਿਵਾਇਤ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਆਲੈਹਿ ਵਸਲਮ ਨੂੰ ਦੋ ਕਜਾਵੇ ਉਪਹਾਰ ਵੱਜੋਂ ਦਿੱਤੇ ਗਏ ਤਾਂ ਇਕ ਆਪ ਸਲਲੱਾਹੁ ਅਲੈਹਿ ਵਸਲਮ ਨੇ ਰੱਖ ਲਿਆ ਅਤੇ ਦੂਜਾ ਜ਼ੈਦ ਨੂੰ ਦੇ ਦਿਤੱਾ । ਫਿਰ ਜਬਲਾ ਦੀ ਹੀ ਰਿਵਾਇਤ ਹੈ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਦੋ ਜੁੱਬੇ ਤੋਹਫ਼ੇ ਦੇ ਰੂਪ ਦਿੱਤੇ ਗਏ । ਆਪ ਸਲਲੱਾਹੁ ਅਲੈਹਿ ਵਸਲਮ ਦੇ ਇਕ ਆਪਣੇ ਕੋਲ ਰੱਖ ਲਿਆ ਅਤੇ ਦੂਜਾ ਹਜ਼ਰਤ ਜ਼ੈਦ ਨੂੰ ਦੇ ਦਿਤੱਾ । ਇਕ ਹੋਰ ਥਾਂ ਬਿਆਨ ਹੋਇਆ ਹੈ ਕਿ ਹਜ਼ਰਤ ਜ਼ੈਦ ਬਿਨ ਹਾਰਸਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਪ੍ਰੇਮੀ ਕਿਹਾ ਜਾਂਦਾ ਸੀ । ਹਜ਼ਰਤ ਜ਼ੈਦ ਬਾਰੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਲੋਕਾਂ ਵਿੱਚੋਂ ਸਭ ਤੋਂ ਵੱਧ ਮੇਰਾ ਪ੍ਰੇਮੀ ਉਹ ਹੈ ਜਿਸ'ਤੇ ਰੱਬ ਨੇ ਇਨਾਮ ਕੀਤਾ ਅਰਥਾਤ ਜ਼ੈਦ ।

ਜੰਗੇ ਮੋਤਾ ਦਾ ਬਦਲਾ ਲੈਂਣ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਕ ਬਹੁਤ ਵਡੱਾ ਲਸ਼ਕਰ ਸਫ਼ਰ ਮਹੀਨੇ ਦੀ 11 ਹਿਜਰੀ ਨੂੰ ਤਿਆਰ ਕੀਤਾ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਲੋਕਾਂ ਨੂੰ ਹੁਕੁਮ ਦਿਤੱਾ ਕਿ ਰੂਮ ਦੇ ਵਿਰੁਧ ਜੰਗ ਲਈ ਤਿਆਰ ਹੋ ਜਾਓ । ਇਹ ਲਸ਼ਕਰ ਜੱਦ ਤਿਆਰ ਹੋਇਆ ਤਾਂ ਅਗਲੇ ਦਿਨ ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਸਾਮਾ ਬਿਨ ਜ਼ੈਦ ਨੂੰ ਬੁਲਾਇਆ ਅਤੇ ਇਸ ਮੁਹਿਮ ਦੀ ਅਗਵਾਈ ਆਪਦੇ ਸੁਪੁਰਦ ਕਰਦਿਆਂ ਹੋਇਆਂ ਫ਼ਰਮਾਇਆ ਆਪਣੇ ਪਿਤਾ ਦੇ ਸ਼ਹੀਦ ਹੋਣ ਵਾਲੀ ਥਾਂ'ਤੇ ਜਾਓ ਅਤੇ ਤੇਜ਼ੀ ਨਾਲ ਸਫ਼ਰ ਕਰੋ ਅਤੇ ਉਹਨਾ ਤੱਕ ਸੂਚਨਾ ਮਿਲਣ ਤੋਂ ਪਹਿਲਾਂ ਉੱਥੇ ਪਹੁੰਚ ਜਾਓ । ਫਿਰ ਸਵੇਰ ਹੁੰਦਿਆਂ ਹੀ ਉੱਥੇ ਹਮਲਾ ਕਰੋ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹਜ਼ਰਤ ਜ਼ੈਦ ਦਾ ਬਦਲਾ ਲੈਂਣ ਲਈ ਉਹਨਾ ਥਾਵਾਂ ਨੂੰ ਆਪਣਿਆਂ ਘੋੜਿਆਂ ਦੀਆਂ ਟਾਪਾਂ ਨਾਲ ਰੌਂਦ ਦਿਓ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਸਾਮਾ ਨੂੰ ਹੋਰ ਵਧੇਰੇ ਫ਼ਰਮਾਇਆ ਕਿ ਆਪਣੇ ਨਾਲ ਮਾਰਗ ਦਸੱਣ ਵਾਲੇ ਵੀ ਲੈਕੇ ਜਾਓ ਅਤੇ ਉੱਥੋਂ ਦੀਆਂ ਖ਼ਬਰਾ ਹਾਸਲ ਕਰਨ ਲਈ ਵੀ ਵਿਅਕਤੀ ਨਿਯੁਕਤ ਕਰੋ ਜੋ ਤੁਹਾਨੂੰ ਸਹੀ ਖ਼ਬਰਾਂ ਤੇ ਅਵਸਥਾ ਦਸੱਦੇ ਰਹਿਣ । ਅਲੱਾਹ ਤਆਲਾ ਤੁਹਾਨੂੰ ਸਫ਼ਲਤਾ ਪ੍ਰਦਾਨ ਕਰੇ ਅਤੇ ਛੇਤੀ ਪਰਤ ਆਉਣਾ । ਇਸ ਮੁਹਿਮ ਸਮੇਂ ਹਜ਼ਰਤ ਉਸਾਮਾ ਦੀ ਉਮਰ ਸਤਾਰ੍ਹਾ (17) ਸਾਲ ਤੋਂ ਵੀਹ ਸਾਲ ਵਿੱਚ ਸੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਸਾਮਾ ਲਈ ਆਪਣੇ ਹੱਥੀ ਝੰਡਾ ਬੱਨ੍ਹਿਆ ਅਤੇ ਹਜ਼ਰਤ ਉਸਾਮਾ ਨੂੰ ਕਿਹਾ ਕਿ ਰੱਬ ਦੇ ਨਾਂ ਨਾਲ ਇਸ ਮਾਰਗ ਵਿੱਚ ਜਿਹਾਦ ਕਰੋ ਜੋ ਅਲੱਾਹ ਦਾ ਇਨਕਾਰ ਕਰੇ ਉਸ ਨਾਲ ਜੰਗ ਕਰੋ ।

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਬਿਮਾਰੀ ਵੱਧ ਗਈ ਪਰ ਆਪ ਸਲਲੱਾਹੁ ਅਲੈਹਿ ਵਸਲਮ ਤਕੀਦ ਕਰਦੇ ਸਨ ਕਿ ਲਸ਼ਕਰੇ ਉਸਾਮਾ ਨੂੰ ਭਿਜਵਾਓ । ਸੋਮਵਾਰ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਠੀਕ ਹਏ, ਆਪ ਸਲਲੱਾਹੁ ਅਲੈਹਿ ਵਸਲਮ ਨੇ ਉਸਾਮਾ ਨੂੰ ਫ਼ਰਮਾਇਆ ਕਿ ਰੱਬ ਦੀ ਬਰਕਤ ਨਾਲ ਰਵਾਨਾ ਹੋ ਜਾਓ । ਹਜ਼ਰਤ ਉਸਾਮਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤੋਂ ਰੁਖ਼ਸਤ ਹੋਕੇ ਚੱਲੇ ਤਾਂ ਉਸੇ ਸਮੇਂ ਦੌਰਾਨ ਉਹਨਾ ਦੀ ਮਾਂ ਹਜ਼ਰਤ ਉਮੇ ਐਮਨ ਵੱਲੋਂ ਇਕ ਵਿਅਕਤੀ ਇਹ ਸੰਦੇਸ਼ ਲੈਕੇ ਆਇਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਅਖ਼ੀਰੀ ਸਮਾਂ ਦਿਖਾਈ ਦੇ ਰਿਹਾ ਹੈ, ਤਬੀਯੱਤ ਬਹੁਤ ਅਧਿਕ ਖ਼ਰਾਬ ਹੋ ਚੁਕੀ ਹੈ । ਇਹ ਦੁੱਖ ਭਰੀ ਖ਼ਬਰ ਸੁਣਦਿਆਂ ਹੀ ਹਜ਼ਰਤ ਉਸਾਮਾ ਹਜ਼ਰਤ ਉਮਰ ਅਤੇ ਹਜ਼ਰਤ ਅਬੂ ਉਬੈਦਾਹ ਦੇ ਨਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਹਾਜ਼ਰ ਹੋਏ ਤਾਂ ਦੇਖਿਆ ਕਿ ਆਪ ਘੜੀ ਪਲਾਂ ਦੀ ਹਾਲਤ ਵਿੱਚ ਸਨ । 12 ਰਬੀਉਲ ਅਵੱਲ ਨੂੰ ਆਪ ਸਲਲੱਾਹੁ ਅਲੈਹਿ ਵਸਲਮ ਨੇ ਵਫ਼ਾਤ ਪਾਈ ਜਿਸਦੇ ਸਬਬ ਮੁਸਲਮਾਨਾ ਦਾ ਲਸ਼ਕਰ ਜਰਫ਼ ਦੇ ਸਥਾਨ ਤੋਂ ਮਦੀਨੇ ਵਾਪਸ ਪਰਤ ਆਇਆ ਅਤੇ ਹਜ਼ਰਤ ਬਰੀਦਹ ਨੇ ਹਜ਼ਰਤ ਉਸਾਮਾ ਦਾ ਝੰਡਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਦਰਵਾਜ਼ੇ ਉਪੱਰ ਗੱਡ ਦਿਤੱਾ । ਜੱਦ ਹਜ਼ਰਤ ਅਬੂਬਕਰ ਦੀ ਬੈਅਤ ਕਰ ਲਈ ਗਈ ਤਾਂ ਹਜ਼ਰਤ ਅਬੂਬਕਰ ਨੇ ਹਜ਼ਰਤ ਬਰੀਦਹ ਨੂੰ ਹੁਕੁਮ ਦਿਤੱਾ ਕਿ ਝੰਡਾ ਲੈਕੇ ਉਸਾਮਾ ਦੇ ਘਰ ਜਾਓ ਕਿ ਉਹ ਆਪਣੇ ਉਦੇਸ਼ ਲਈ ਰਵਾਨਾ ਹੋਣ । ਹਜ਼ਰਤ ਬਰੀਦਹ ਝੰਡਾ ਲੈਕੇ ਲਸ਼ਕਰ ਦੀ ਪਹਿਲੀ ਥਾਂ'ਤੇ ਗਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਵਫ਼ਾਤ ਦੇ ਬਾਦ ਸਾਰੇ ਅਰਬ ਵਿੱਚ ਬੇਚੈਨੀ ਫੈਲ ਚੁਕੀ ਸੀ । ਸਹਾਬਾ ਨੇ ਹਜ਼ਰਤ ਅਬੂਬਕਰ ਨੂੰ ਬਿਨਤੀ ਕੀਤੀ ਕਿ ਹਾਲਾਤ ਦੀ ਨਜ਼ਾਕਤ ਨੂੰ ਸੰਮੁੱਖ ਰਖੱਦਿਆਂ ਹੋਇਆਂ ਹੁਣ ਦੀ ਘੜੀ ਉਸਾਮਾ ਦੇ ਲਸ਼ਕਰ ਨੂੰ ਰੋਕ ਲਿਆ ਜਾਵੇ ਹਜ਼ਰਤ ਅਬੂਬਕਰ ਨ ਮੰਨੇ ਅਤੇ ਫ਼ਰਮਾਇਆ ਕਿ ਜੇਕਰ ਦਰਿੰਦੇ ਮੈਂਨੂੰ ਘਸੀਟਦੇ ਫਿਰਨ ਤਾਂ ਵੀ ਮੈਂ ਇਸ ਲਸ਼ਕਰ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਫ਼ੈਸਲੇ ਅਨੁਸਾਰ ਭੇਜਕੇ ਰਹਾਂਗਾ । ਬਹਿਰਹਾਲ ਲਸ਼ਕਰ ਇਕ ਵਾਰ ਫਿਰ ਤਿਆਰ ਹੋ ਗਿਆ, ਕੁਝ ਸਹਾਬਾ ਨੇ ਹਾਲਾਤ ਦੀ ਨਜ਼ਾਕਤ ਦੇ ਸਬਬ ਫਿਰ ਮਸ਼ਵਰਾਹ ਦਿਤੱਾ ਕਿ

ਹੁਣ ਦੀ ਘੜੀ ਇਸ ਲਸ਼ਕਰ ਨੂੰ ਰੋਕ ਲਿਆ ਜਾਵੇ । ਇਕ ਰਿਵਾਇਤ ਅਨੁਸਾਰ ਕੁਝ ਅੰਸਾਰ ਸਹਾਬਾ ਨੇ ਹਜ਼ਰਤ ਉਮਰ ਨੂੰ ਕਿਹਾ ਕਿ ਖ਼ਲੀਫ਼ਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਅਬੂ ਬਕਰ ਜੇਕਰ ਲਸ਼ਕਰ ਨੂੰ ਭੇਜਣ ਲਈ ਲਈ ਹੀ ਬਜ਼ਿੱਦ ਹਨ ਤਾਂ ਉਹਨਾ ਨੂੰ ਇਹ ਬਿਨਤੀ ਕਰਨ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਲਸ਼ਕਰ ਦਾ ਸਰਦਾਰ ਨਿਯੁਕਤ ਕਰਨ ਜੋ ਉਮਰ ਵਿੱਚ ਉਸਾਮਾ ਤੋਂ ਵਡੱਾ ਹੋਵੇ । ਲੋਕਾਂ ਦੀ ਇਹ ਸਲਾਹ ਲੈਕੇ ਹਜ਼ਰਤ ਉਮਰ ਅਬੂ ਬਕਰ ਕੋਲ ਹਾਜ਼ਰ ਹੋਏ ਤਾਂ ਹਜ਼ਰਤ ਅਬੂਬਕਰ ਨੇ ਫਿਰ ਉਸੇ ਫ਼ੌਲਾਦੀ ਨਿਸ਼ਚੇ ਵਾਂਗ ਨਿਰਦੇਸ਼ ਦਿਤੱਾ ਕਿ ਜੇਕਰ ਜੰਗਲ ਦੇ ਦਰਿੰਦੇ ਮਦੀਨੇ ਵਿੱਚ ਦਾਖ਼ਲ ਹੋਕੇ ਮੈਂਨੂੰ ਚੁਕੱ ਲੈ ਜਾਣ ਤਾਂ ਵੀ ਉਹ ਕੰਮ ਕਰਨ ਤੋਂ ਬਾਜ਼ ਨਹੀਂ ਆਉਣਗੇ, ਜਿਸਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਕਰਨ ਦਾ ਹੁਕਮ ਦਿਤੱਾ ਹੈ । ਹਜ਼ਰਤ ਅਬੂਬਕਰ ਦਾ ਅਟਲ ਫ਼ੈਸਲਾ ਸੁਣਨ ਦੇ ਬਾਦ ਹਜ਼ਰਤ ਉਮਰ ਲਸ਼ਕਰ ਵਾਲਿਆਂ ਕੋਲ ਪਹੁੰਚੇ । ਜੱਦ ਲੋਕਾਂ ਨੇ ਪੁੱਛਿਆ ਕਿ ਕੀ ਹੋਇਆ ਤਾਂ ਹਜ਼ਰਤ ਉਮਰ ਨੇ ਬਹੁਤ ਗੁੱਸੇ ਨਾਲ ਕਿਹਾ ਕਿ ਮੇਰੇ ਕੋਲੋਂ ਝੱਟ ਚਲੇ ਜਾਓ । ਕੇਵਲ ਤੁਸੀਂ ਲੋਕਾਂ ਕਰਕੇ ਅੱਜ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਖ਼ਲੀਫ਼ਾ ਕੋਲੋਂ ਡਾਂਟ ਖਾਣੀ ਪਈ ਹੈ । ਜੱਦ ਹਜ਼ਰਤ ਅਬੂ ਬਕਰ ਦੇ ਆਦੇਸ਼ ਅਨੁਸਾਰ ਜੈਸ਼ ਉਸਾਮਾ ਜਰਫ਼ ਦੇ ਸਥਾਨ ਉਪੱਰ ਇਕਠੱਾ ਹੋ ਗਿਆ ਤਾਂ ਹਜ਼ਰਤ ਅਬੂਬਕਰ ਆਪ ਉੱਥੇ ਆਏ ਅਤੇ ਲਸ਼ਕਾਰ ਦਾ ਜਾਇਜ਼ਾ ਲਿਆ ਅਤੇ ਉਸ ਨੂੰ ਤਰਤੀਬ ਦਿੱਤੀ । ਉਸ ਸਮੇਂ ਹਜ਼ਰਤ ਉਸਾਮਾ ਸਵਾਰ ਸਨ, ਜੱਦ ਕਿ ਹਜ਼ਰਤ ਅਬੂ ਬਕਰ ਰਸੂਲੁਲੱਾਹ ਦੇ ਖ਼ਲੀਫ਼ਾ ਪੈਦਲ ਚਲ ਰਹੇ ਸਨ । ਹਜ਼ਰਤ ਉਸਾਮਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਖ਼ਲੀਫ਼ਾ ! ਜਾਂ ਤਾਂ ਆਪ ਸਵਾਰ ਹੋ ਜਾਣ ਤਾਂ ਫਿਰ ਮੈਂ ਵੀ ਹੇਠਾਂ ਉਤਰਦਾ ਹਾਂ । ਹਜ਼ਰਤ ਅਬੂ ਬਕਰ ਨੇ ਫ਼ਰਮਾਇਆ ਬਖ਼ੁਦਾ ਨ ਹੀ ਤੁਸੀਂ ਹੇਠਾ ਉਤਰੋਗੇ ਅਤੇ ਨ ਹੀ ਮੈਂ ਸਵਾਰ ਹੋਵਾਂਗਾ ਅਤੇ ਮੈਂਨੂੰ ਕੀ ਹੈ ਮੈਂ ਆਪਣੇ ਦੋਵੇਂ ਪੈਰ੍ਹ ਰੱਬ ਦੇ ਮਾਰਗ ਵਿੱਚ ਇਕ ਘੜੀ ਲਈ ਮੈਲੇ ਨ ਕਰਾਂ । ਕਿਉਂਕਿ ਗ਼ਾਜ਼ੀ ਜੱਦ ਪੈਰ੍ਹ ਪੁਟੱਦਾ ਹੈ ਤਾਂ ਉਸ ਲਈ ਇਸ ਦੇ ਬਦਲੇ ਵਿੱਚ ਸੱਤ ਸੌ ਨੇਕੀਆਂ ਲਿੱਖੀਆਂ ਜਾਂਦੀਆਂ ਹਨ ਅਤੇ ਉਸ ਨੂੰ ਸੱਤ ਸੌ ਦਰਜੇ ਬੁਲੰਦੀ ਦਿੱਤੀ ਜਾਂਦੀ ਹੈ ਅਤੇ ਉਸ ਦੀਆਂ ਸੱਤ ਸੌ ਬੁਰਾਈਆਂ ਖ਼ਤਮ ਕੀਤੀਆਂ ਜਾਂਦੀਆਂ ਹਨ ।

ਇਸ ਘਟਨਾ ਦੇ ਬਾਦ ਹਜ਼ਰਤ ਉਮਰ ਜੱਦ ਵੀ ਹਜ਼ਰਤ ਉਸਾਮਾ ਨੂੰ ਮਿਲਦੇ ਤਾਂ ਆਪਨੂੰ ਸੰਬੋਧਨ ਕਰਕੇ ਕਿਹਾ ਕਰਦੇ ਸਨ السلام عليك ايها الامير ਕਿ ਹੇ ਅਮੀਰ ਤੁਹਾਡੇ ਉਪੱਰ ਸਲਾਮਤੀ ਹੋਵੇ । ਹਜ਼ਰਤ ਉਸਾਮਾ ਇਸ ਦੇ ਉਤੱਰ ਵਿੱਚ ਕਹਿੰਦੇ ਸਨ غفر الله لك يا امير المؤمنين ਕਿ ਹੇ ਅਮੀਰੁਲ ਮੋਮਿਨੀਨ ਅਲੱਾਹ ਆਪ ਨਾਲ ਮਗ਼ਫ਼ਰਤ ਦਾ ਸੁਲੂਕ ਫ਼ਰਮਾਏ ।

ਹਜ਼ਰਤ ਅਬੂਬਕਰ ਨੇ ਹਜ਼ਰਤ ਉਸਾਮਾ ਦੇ ਲਸ਼ਕਰ ਨੂੰ ਇਹਨਾ ਸ਼ਬਦਾ ਵਿੱਚ ਨਸੀਹਤ ਕੀਤੀ ਸੀ ਕਿ ਤੁਸੀਂ ਖ਼ਿਆਨਤ ਨ ਕਰਨਾ, ਤੁਸੀਂ ਬਦ ਅਹਿਦੀ ਨ ਕਰਨਾ (ਅਰਥਾਤ ਕਿਸੇ ਨਾਲ ਕੀਤੇ ਪ੍ਰਣ ਨੂੰ ਨ ਤੋੜਨਾ), ਚੋਰੀ ਨ ਕਰਨਾ, ਮਸਲਾ (ਸੰਸ਼ੋਧਿਤ) ਨ ਕਰਨਾ, ਛੋਟੀ ਉਮਰ ਦੇ ਬੱਚੇ ਅਤੇ ਬੁੱਢੇ ਅਤੇ ਇਸਤਰੀ ਨੂੰ ਕਤਲ ਨ ਕਰਨਾ, ਖਜੂਰ ਦੇ ਰੁੱਖ ਨੂੰ ਨ ਕਟੱਣਾ ਅਤੇ ਨ ਹੀ ਸਾੜਨਾ, ਕਿਸੇ ਭੇਡ, ਬਕਰੀ, ਗਾਂ ਤੇ ਊਠ ਨੂੰ ਖਾਣ ਤੋਂ ਬਿਨਾ ਜ਼ਿਬਾਹ ਨ ਕਰਨਾ। ਫਿਰ ਆਪ ਨੇ ਫ਼ਰਮਾਇਆ ਕਿ ਤੁਸੀਂ ਨਿਸ਼ਚੇ ਹੀ ਅਜਿਹੀ ਕੌਮ ਦੇ ਲਾਗਿਓਂ ਲੰਘੋਗੇ ਜਿੰਨ੍ਹਾ ਨੇ ਆਪਣੇ ਆਪ ਨੂੰ ਗਿਰਜਿਆਂ ਵਿੱਚ ਇਬਾਦਤ ਲਈ ਵਕਫ਼ ਕਰ ਰੱਖਿਆ ਹੋਵੇਗਾ ਤਾਂ ਉਹਨਾ ਨੂੰ ਛੱਡ ਦੇਣਾ । ਤੁਹਾਨੂੰ ਅਜਿਹੇ ਲੋਕ ਵੀ ਮਿਲਣਗੇ ਜੋ ਆਪਣੇ ਭਾਂਡਿਆਂ ਵਿੱਚ ਭਾਂਤ ਭਾਂਤ ਦੇ ਖਾਣੇ ਲਿਆਉਣਗੇ ਤੁਸੀਂ ਉਹਨਾ ਵਿੱਚੋਂ ਖਾਓ ਤਾਂ ਬਿਲਮਿਲੱਾਹ ਪੜ੍ਹ ਕੇ ਖਾਓ ਅਤੇ ਤੁਸੀਂ ਜ਼ਰੂਰ ਅਜਿਹੀ ਕੌਮ ਕੋਲ ਪਹੁੰਚੋਗੇ ਜਿੰਨ੍ਹਾ ਨੇ ਵਿਚੱਕਾਰੋਂ ਆਪਣੇ ਸਿਰ ਮੁੰਨ੍ਹੇ ਹੋਣਗੇ ਪਰ ਚਾਰੇ ਪਾਸਿਓਂ ਵਾਲਾਂ ਨੂੰ ਲਟਾ ਵਾਂ ਛੱਡਿਆ ਹੋਵੇਗਾ, ਸੋ ਤੁਸੀਂ ਇਹਨਾ ਲੋਕਾਂ ਨੂੰ ਤਲਵਾਰ ਦਾ ਹਲਕਾ ਜਿਹਾ ਜ਼ਖ਼ਮ ਲਾਉਣਾ ਅਤੇ ਰੱਬ ਦੇ ਨਾਂ ਨਾਲ ਆਪਣਾ ਬਚਾਓ ਕਰਨਾ । ਰੱਬ ਤੁਹਾਨੂੰ ਤਾਹਨਿਆਂ ਤੇ ਤਾਊਨ (ਪਲੇਗ) ਦੀ ਵਬਾ

ਤੋਂ ਬਚਾਈ ਰੱਖੇ । ਬਹਿਰਹਾਲ ਪਹਿਲੀ ਰਬੀਉਲ ਆਖ਼ਰ ਗਿਆਰ੍ਹਾਂ ਹਿਜਰੀ ਨੂੰ ਹਜ਼ਰਤ ਉਸਾਮਾ ਆਪਣੇ ਲਸ਼ਕਰ ਨਾਲ ਮਦੀਨੇ ਤੋਂ ਚਲਕੇ ਮੰਜ਼ਲਾਂ ਦੀਆਂ ਮੰਜ਼ਲਾ ਪਾਰ ਕਰਦਿਆਂ ਹੋਇਆਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਵਸੀਯਤ ਅਨੁਸਾਰ ਸ਼ਾਮ ਦੇ ਖ਼ੇਤਰ ਅਬਨਾ ਪਹੁੰਚੇ ਅਤੇ ਸਵੇਰ ਹੁੰਦਿਆਂ ਹੀ ਆਪਨੇ ਬਸਤੀ ਦੇ ਚੁਫ਼ੇਰਿਓਂ ਉਹਨਾ'ਤੇ ਹਲੱਾ ਬੋਲ ਦਿਤੱਾ ।

ਇਸ ਲੜਾਈ ਵਿੱਚ ਜਿਸ ਜਿਸ ਨੇ ਵੀ ਮੁਸਲਮਾਨ ਮੁਜਾਹਦਾਂ ਨਾਲ ਮੁਕਾਬਲਾ ਕੀਤਾ ਉਹ ਮਾਰਿਆ ਗਿਆ ਅਤੇ ਬਹੁਤ ਸਾਰੇ ਕੈਦੀ ਵੀ ਬਣਾਏ ਗਏ ਇਸੇ ਪ੍ਰਕਾਰ ਬਹੁਤ ਸਾਰਾ ਮਾਲੇ ਗ਼ਨੀਮਤ ਵੀ ਹਾਸਲ ਹੋਇਆ । ਜਿਸ ਵਿੱਚੋਂ ਪੰਜਵਾਂ ਭਾਗ ਰਖੱਕੇ ਬਾਕੀ ਸਾਰਾ ਲਸ਼ਕਰ ਵਿੱਚ ਵੰਡ ਦਿਤੱਾ ਗਿਆ । ਇਸ ਮਾਰਕੇ ਤੋਂ ਵਿਹਲੇ ਹੋਕੇ ਲਸ਼ਕਰ ਨੇ ਇਕ ਦਿਨ ਉਸੇ ਥਾਂ ਪੜਾਅ ਕੀਤਾ ਅਤੇ ਅਗਲੇ ਦਿਨ ਮਦੀਨੇ ਲਈ ਰਵਾਨਾ ਹੋਏ ।

ਜੱਦ ਇਹ ਸਫ਼ਲ ਤੇ ਜੇਤੂ ਲਸ਼ਕਰ ਮਦੀਨੇ ਪਹੁੰਚਿਆ ਤਾਂ ਹਜ਼ਰਤ ਅਬੂਬਕਰ ਨੇ ਮੁਹਾਜਰਾਂ ਤੇ ਅੰਸਾਰ ਨਾਲ ਮਦੀਨੇ ਤੋਂ ਬਾਹਰ ਨਿਕਲਕੇ ਉਹਨਾ ਦਾ ਭਰਪੂਰ ਸਵਾਗਤ ਕੀਤਾ । ਮਦੀਨੇ ਵਿੱਚ ਦਾਖ਼ਲ ਹੋਕੇ ਲਸ਼ਕਰ ਮਸਜਿਦ ਨਬਵੀ ਤੱਕ ਗਿਆ । ਹਜ਼ਰਤ ਉਸਾਮਾ ਨੇ ਮਸਜਿਦ ਵਿੱਚ ਦੋ ਨਫ਼ਲ ਪੜ੍ਹੇ ਅਤੇ ਆਪਣੇ ਘਰ ਚਲੇ ਗਏ । ਜੈਸ਼ ਉਸਾਮਾ ਦਾ ਭਿਜਵਾਇਆ ਜਾਣਾ ਮੁਸਲਮਾਨਾ ਲਈ ਬਹੁਤ ਲਾਭ ਦਾ ਕਾਰਣ ਬਣਿਆ ਕਿਉਂਕਿ ਅਰਬ ਵਾਸੀ ਕਹਿਣ ਲੱਗੇ ਸਨ ਕਿ ਜੇਕਰ ਮੁਸਮਾਨਾ ਵਿੱਚ ਤਾਕਤ ਤੇ ਸ਼ਕਤੀ ਨ ਹੁੰਦੀ ਤਾਂ ਉਹ ਉਕੱਾ ਹੀ ਇਹ ਲਸ਼ਕਰ ਰਵਾਨਾ ਨ ਕਰਦੇ । ਇਸ ਪ੍ਰਕਾਰ ਕੁਫ਼ਾਰ ਬਹੁਤ ਸਾਰੀਆਂ ਅਜਿਹੀਆਂ ਗਲੱਾਂ ਤੋਂ ਮੁੜ ਗਏ ਜੋ ਉਹ ਮੁਸਲਮਾਨਾ ਵਿਰੁਧ ਕਰਨਾ ਚਾਹੁੰਦੇ ਸਨ । ਅਲੱਾਹ ਤਆਲਾ ਜ਼ੈਦ ਬਿਨ ਹਾਰਸਾ ਅਤੇ ਉਹਨਾ ਦੇ ਪੁਤੱਰ ਹਜ਼ਰਤ ਉਸਾਮਾ ਬਿਨ ਜ਼ੈਦ ਉਪੱਰ ਜੋ ਸਾਡੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਿਆਰੇ ਤੇ ਪ੍ਰੇਮੀ ਸਨ ਹਜ਼ਾਰਾਂ ਹਜ਼ਾਰ ਰਹਿਮਾਤਾਂ ਪ੍ਰਦਾਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਸਿੱਦੀਕ ਆਦਮ ਸਾਹਬ ਆਫ਼ ਐਵਰੀਕੋਸਟ ਅਤੇ ਮੁਕਰੱਮ ਗ਼ੁਲਾਮ ਮੁਸਤਫ਼ਾ ਸਾਹਬ ਓਕਾੜਾ ਪਾਕਿਸਤਾਨ ਦੇ ਸਦਗੁਣਾ ਦਾ ਵਰਨਣ ਕੀਤਾ ਅਤੇ ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਈ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 28.06.2019**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131